ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-7 ਸ਼ਾਖਾ)

**ਸ਼ੁੱਧੀ ਪੱਤਰ -ਅਧਿਸੂਚਨਾਂ**

ਨੰ: 11/13/07-5ਸਿੱ7/10674/1 ਮਿਤੀ, ਚੰਡੀਗੜ੍ਹ:- 8-1-13

ਵਿਸ਼ਾ:- ਸਰਕਾਰੀ ਡਾਈਟਾਂ ਵਿੱਚ ਏ.ਆਈ.ਈ ਵਲੰਟੀਅਰਾਂ ਨੂੰ ਈ.ਟੀ.ਟੀ ਸੈਸ਼ਨ 2012-2014 ਵਿੱਚ ਦਾਖਲਾ ਦੇਣ ਬਾਰੇ।

********

ਸਰਕਾਰ ਦੇ ਪੱਤਰ ਨੰ:11/13/2007-5ਸਿੱ7/4196, ਮਿਤੀ 21.9.2011 ਰਾਹੀਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਰਾਜ ਦੀਆਂ ਸਰਕਾਰੀ ਡਾਈਟਾਂ ਵਿੱਚ 1488 ਯੋਗ ਏ.ਆਈ.ਈ ਵਲੰਟੀਅਰਾਂ ਨੂੰ ਈ.ਟੀ.ਟੀ.ਸੈਸ਼ਨ 2011-2013 ਵਿੱਚ ਦਾਖਲਾ ਦੇਣ ਲਈ ਕਾਰਜਬਾਦ ਪ੍ਰਵਾਨਗੀ ਦਿੱਤੀ ਗਈ ਸੀ। ਇਸ ਸੈਸ਼ਨ ਦੌਰਾਨ ਰਹਿ ਗਏ ਏ.ਆਈ.ਈ ਵਲੰਟੀਅਰਜ ਜਿਨ੍ਹਾਂ ਨੇ ਐਨ.ਸੀ.ਟੀ.ਈ ਦੀਆਂ ਸਰਤਾਂ ਅਨੁਸਾਰ ਯੋਗਤਾ ਪੂਰੀ ਕਰ ਲਈ ਹੈ, ਹੁਣ ਸਰਕਾਰ ਦੇ ਪੱਤਰ ਨੰ: 11/4/2012-5ਸਿੱ7/3773, ਮਿਤੀ 03.10.2012 ਰਾਹੀਂ ਰਾਜ ਵਿੱਚ ਈ.ਟੀ.ਟੀ ਸੈਸ਼ਨ 2012 -2014 ਦੇ ਦਾਖਲੇ ਸਬੰਧੀ ਜਾਰੀ ਨੋਟੀਫਿਕੇਸ਼ਨ ਦੀ ਲਗਾਤਾਰਤਾ ਵਿੱਚ ਰਾਜ ਵਿੱਚ ਪ੍ਰਵਾਨਿਤ ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾਵਾ ਵਿੱਚ ਏ.ਆਈ.ਈ.ਵਲੰਟੀਅਰਜ ਦੇ ਦਾਖਲੇ ਸਬੰਧੀ ਹੇਠ ਲਿਖੇ ਅਨੁਸਾਰ ਨੀਤੀ ਨਿਰਧਾਰਤ ਕੀਤੀ ਜਾਂਦੀ ਹੈ:-

1. ਈ.ਟੀ..ਟੀ ਸੈਸ਼ਨ 2012-2014 ਵਿੱਚ ਸਰਕਾਰੀ ਡਾਈਟਸ/ਸੰਸਥਾਵਾਂ ਵਿੱਚ ਰਹਿ ਗਏ ਏ.ਆਈ.ਈ . ਵਲੰਟੀਅਰਜ ਨੂੰ ਪਹਿਲ ਦੇ ਅਧਾਰ ਤੇ ਦਾਖਲਾ ਦੇਣ ਤੋਂ ਬਾਅਦ ਬਾਕੀ ਰਹਿੰਦੀਆਂ ਸੀਟਾਂ ਤੇ ਆਮ ਯੋਗ ਉਮੀਦਵਾਰਾਂ ਪਾਸੋਂ ਪ੍ਰਾਪਤ ਹੋਈਆਂ ਅਰਜੀਆਂ ਅਨੁਸਾਰ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ।

2. ਯੋਗ ਵਲੰਟੀਅਰਜ ਨੇ ਨੈਸ਼ਨਲ ਕਾਂਉਸਲ ਫਾਰ ਟੀਚਰ ਐਜੂਕੇਸ਼ਨ ਵੱਲੋਂ ਨਿਰਧਾਰਿਤ ਸ਼ਰਤਾਂ ਅਨੁਸਾਰ ਘੱਟੋ -ਘੱਟ 10+2 ਭਾਵ ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ (ਜਰਨਲ ਵਰਗ ਲਈ 50% ਅਤੇ ਐਸ.ਸੀ./ਐਸ.ਟੀ. ਲਈ 45% ਅੰਕਾਂ ਨਾਲ) ਪਾਸ ਕੀਤੀ ਹੋਵੇ।

3. ਯੋਗ ਉਮੀਦਵਾਰ ਨੇ ਘੱਟੋ -ਘੱਟ ਦਸਵੀਂ ਸ਼੍ਰੇਣੀ ਦੀ ਪੱਧਰ ਤੱਕ ਪੰਜਾਬੀ ਵਿਸ਼ੇ ਦਾ ਇਮਤਿਹਾਨ ਲਾਜਮੀ ਪਾਸ ਕੀਤਾ ਹੋਵੇ।

4. ਉਮੀਦਵਾਰ ਪੰਜਾਬ ਸਰਕਾਰ ਦੀ ਪਾਲਿਸੀ/ਹਦਾਇਤਾਂ ਅਨੁਸਾਰ ਪੰਜਾਬ ਰਾਜ ਦਾ ਡੋਮੀਸਾਈਲ ਹੋਣਾ ਚਾਹੀਦਾ ਹੈ।

5. ਇਹ ਦਾਖਲਾ ਉਨ੍ਹਾਂ ਵਲੰਟੀਅਰਾਂ ਨੂੰ ਦਿੱਤਾ ਜਾਵੇਗਾ ਜੋ ਦਾਖਲੇ ਲਈ ਲੋੜੀਂਦੀ ਫੀਸ (ਜਨਰਲ ਵਰਗ 150/- ਰੁਪਏ ਐਸ.ਸੀ./ਐਸ.ਟੀ 100/- ਰੁਪਏ) ਬਿਨੈ-ਪੱਤਰ ਨਾਲ ਦੇਣਗੇ।

6. ਇਨ੍ਹਾਂ ਵਲੰਟੀਅਰਜ ਲਈ ਈ.ਟੀ.ਟੀ. ਡਿਪਲੋਮੇ ਵਿੱਚ ਦਾਖਲੇ ਲਈ ਉਮਰ ਦੀ ਉਪਰਲੀ ਕੋਈ ਸੀਮਾ ਨਹੀਂ ਹੈ।

7. ਕਿਉਂ ਜੋ ਕਿਸੇ ਵੀ ਰਿਜਰਵ ਕੈਟਾਗਿਰੀ ਨਾਲ ਸਬੰਧਤ ਸਾਰੇ ਦੇ ਸਾਰੇ ਬਾਕੀ ਬਚਦੇ ਅਤੇ ਯੋਗ ਵਲੰਟੀਅਰਾਂ ਨੂੰ ਅਤੇ ਨਾਲੋਂ ਨਾਲ ਜਨਰਲ ਵਰਗ ਦੇ ਸਾਰੇ ਦੇ ਸਾਰੇ ਬਾਕੀ ਬਚਦੇ ਯੋਗ ਵਲੰਟੀਅਰਾਂ ਨੂੰ ਦਾਖਲਾ ਦਿੱਤਾ ਜਾਂਣਾ ਹੈ। ਇਸ ਲਈ ਸਾਰੇ ਯੋਗ ਵਲੰਟੀਅਰਾਂ ਨੂੰ ਦਾਖਲਾ ਦੇਣ ਨਾਲ ਕਿਸੇ ਵੀ ਕੈਟਾਗਿਰੀ ਦੇ ਉਮੀਦਵਾਰ ਤੇ ਨਾਕਾਰਾਤਮਕ ਪ੍ਰਭਾਵ ਨਹੀਂ ਪਵੇਗਾ । ਇਸ ਰੌਸ਼ਨੀ ਵਿੱਚ ਸਾਰੇ ਯੋਗ ਵਲੰਟੀਅਰਾਂ ਨੂੰ ਦਾਖਲਾ ਦੇ ਦਿੱਤਾ ਜਾਵੇਗਾ । ਇਹ ਛੋਟ ਸਿਰਫ ਇਕ ਵਾਰ ਲਈ ਹੈ।

ਚੱਲਦਾ ਪੰਨਾ....

ਜਿਲ੍ਹਾ ਪੱਧਰ ਤੇ ਦਾਖਲੇ ਲਈ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ :-

| | | |
|---|---|---|
| 1. | ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) | ਚੇਅਰਮੈਨ |
| 2. | ਜਿਲ੍ਹਾਂ ਸਿੱਖਿਆ ਅਫ਼ਸਰ (ਐ.ਸਿੱ) | ਮੈਂਬਰ |
| 3. | ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾ | ਮੈਂਬਰ |

ਨੋਟ:-1 ਉਕਤ ਕਮੇਟੀ ਉਮੀਦਵਾਰਾਂ ਦੇ ਦਸਤਾਵੇਜ ਚੈੱਕ ਕਰਕੇ ਮੈਰਿਟ ਤਿਆਰ ਕਰੇਗੀ।

12. ਕਿਸੇ ਜਿਲ੍ਹੇ ਵਿੱਚ ਉਮੀਦਵਾਰਾਂ ਦੀ ਗਿਣਤੀ ਵੱਧ ਘੱਟ ਹੋਣ ਕਰਕੇ ਉਨ੍ਹਾਂ ਦੀ ਦੂਜੇ ਜਿਲ੍ਹੇ ਦੀ ਸਰਕਾਰੀ ਸੰਸਥਾ ਵਿੱਚ ਦਾਖਲਾ ਸਟੇਟ ਪੱਧਰ ਤੇ ਡਾਇਰੈਕਟਰ ਐਸ.ਸੀ.ਈ.ਆਰ.ਟੀ ਦੇ ਦਫ਼ਤਰ ਵੱਲੋਂ ਕੀਤਾ ਜਾਵੇਗਾ। ਸਟੇਟ ਪੱਧਰ ਦੀ ਕਮੇਟੀ ਦੀ ਬਣਤਰ ਹੇਠ ਲਿੱਖ ਅਨੁਸਾਰ ਹੋਵੇਗੀ:-

| | | |
|---|---|---|
| 1. | ਡਿਪਟੀ ਡਾਇਰੈਕਟਰ (ਮੁਲਅੰਕਣ) | ਚੇਅਰਮੈਨ |
| 2. | ਡਿਪਟੀ ਡਾਇਰੈਕਟਰ (ਸ.ਡ.ਪ) | ਮੈਂਬਰ |
| 3. | ਮੂਲ ਅੰਕਣ ਅਫ਼ਸਰ | ਮੈਂਬਰ |

13. ਗਤੀ- ਰੋਧ ਵਾਲੇ ਕੇਸਾਂ ਵਿੱਚ ਜਿਲ੍ਹੇ ਤੋਂ ਬਾਹਰ ਦਾਖਲੇ ਦਾ ਮਾਪਦੰਡ ਮੈਰਿਟ ਦੇ ਅਧਾਰ ਤੇ ਆਪਸ਼ਨ ਅਨੁਸਾਰ ਹੋਵੇਗਾ।

14. ਈ.ਟੀ.ਟੀ ਡਿਪਲੋਮਾ ਕੋਰਸ ਵਿੱਚ ਦਾਖਲੇ ਨੂੰ ਕਿਸੇ ਵੀ ਤਰ੍ਹਾਂ ਰੋਜਗਾਰ ਲਈ ਗਰੰਟੀ ਨਾ ਸਮਝਿਆ ਜਾਵੇ।

15. ਕਿਸੇ ਵੀ ਸੂਰਤ ਵਿੱਚ ਇਕ ਸੰਸਥਾ ਤੋਂ ਦੂਜੀ ਸੰਸਥਾ ਵਿੱਚ ਮਾਈਗ੍ਰੇਸ਼ਨ ਨਹੀਂ ਕੀਤੀ ਜਾਵੇਗੀ ।

16. ਉਮੀਦਵਾਰਾਂ ਵੱਲੋਂ ਦਾਖਲੇ ਸਮੇਂ ਪੇਸ਼ ਕੀਤੇ ਗਏ ਦਸਤਾਵੇਜ ਬਾਅਦ ਵਿੱਚ ਜੇਕਰ ਕਿਸੇ ਵੀ ਸਮੇਂ ਜਾਅਲੀ/ਗਲਤ ਸਾਬਤ ਹੁੰਦੇ ਹਨ ਤਾਂ ਉਸ ਉਮੀਦਵਾਰ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ । ਜਾਅਲੀ ਦਸਤਾਵੇਜ ਪੇਸ ਕਰਨ ਦੇ ਦੋਸ਼ ਵਿੱਚ ਉਮੀਦਵਾਰ ਨੂੰ ਈ.ਟੀ.ਟੀ ਦਾਖਲੇ ਲਈ ਬਲੈਕ ਲਿਸਟ ਕਰ ਦਿੱਤਾ ਜਾਵੇਗਾ।

ਰਵਨੀਤ ਕੌਰ
ਸਕੱਤਰ ਸਕੂਲ ਸਿੱਖਿਆ

ਚੰਡੀਗੜ੍ਹ : ਮਿਤੀ
27.12.2012

ਪਿ.ਅੰ.ਪੱ.ਨੰ:- 11/13/07-5ਸਿੱ7/ 10674/2 ਮਿਤੀ, ਚੰਡੀਗੜ੍ਹ: 08-01-13

ਉਤਾਰਾ ਕੰਟਰੋਲਰ, ਛਪਾਈ ਅਤੇ ਸਟੇਸ਼ਨਰੀ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਇਸ ਬੇਨਤੀ ਨਾਲ ਭੇਜਿਆ ਜਾਂਦਾ ਹੈ ਕਿ ਇਸ ਨੂੰ ਸਰਕਾਰੀ ਜਨਰਲ ਗਜਟ ਵਿੱਚ ਛਾਪਿਆ ਜਾਵੇ ਅਤੇ ਛਾਪਣ ਉਪਰੰਤ ਨੋਟੀਫਿਕੇਸ਼ਨ ਦੀਆਂ 50 ਕਾਪੀਆਂ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸਕੱਤਰ-ਕਮ-ਡੀ.ਜੀ.ਐਸ.ਈ

ਪਿ.ਅੰ.ਪੱ.ਨੰ: 11/13/07-5ਸਿੱ7/ 10674/3-22 ਮਿਤੀ, ਚੰਡੀਗੜ੍ਹ 08-01-13

ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ , ਪੰਜਾਬ (ਐਸ.ਸੀ.ਈ.ਆਰ.ਟੀ)
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ) ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ) ਪੰਜਾਬ, ਚੰਡੀਗੜ੍ਹ।
4. ਰਾਜ ਦੇ ਸਮੂਹ ਪ੍ਰਿੰਸੀਪਲ , ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾਂਵਾਂ ।

ਸਕੱਤਰ-ਕਮ-ਡੀ.ਜੀ.ਐਸ.ਈ

ਚੱਲਦਾ ਪੰਨਾ-

ਇਸ ਦਾ ਇਕ ਉਤਾਰਾ ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ ) ਪੰਜਾਬ ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ: 1/4/2010-1 ਕੈਬਨਿਟ /5235 ਮਿਤੀ 8.12.2010 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਿਰਨਜੀਤ ਕੌਰ.
ਸੁਪਰਡੰਟ

ਸੇਵਾ ਵਿਖੇ,

ਸੁਪਰਡੰਟ,
ਮੰਤਰੀ ਮੰਡਲ ਮਾਮਲੇ ਸ਼ਾਖਾ

ਅੰ.ਵਿ.ਪੱ.ਨੰ:11/13/07-5ਸਿੱ7/ 10674/23 ਮਿਤੀ, ਚੰਡੀਗੜ੍ਹ 08-01-13